**ਦੱਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ,ਪੰਜਾਬ**
**ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, 3ਬੀ-1, ਐਸ.ਏ.ਐਸ ਨਗਰ।**
ਵੈਬ-ਸਾਈਟ:- **www.educationrecruitmentboard.com**

---

# ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ 645 ਡੀ.ਪੀ.ਈ ਅਤੇ 25 ਲੈਕਚਰਾਰ ਸਰੀਰਕ ਸਿੱਖਿਆ ਦੀਆਂ ਆਸਾਮੀਆਂ ਨੂੰ ਠੇਕੇ ਤੇ ਨਿਯੁਕਤੀ ਲਈ ਭਰਤੀ ਕਰਨ ਸਬੰਧੀ ਆਨ-ਲਾਈਨ ਅਰਜ਼ੀਆਂ ਦੀ ਮੰਗ ਵਿਭਾਗ ਦੀ ਵੈਬ-ਸਾਈਟ ਤੇ ਮਿਤੀ 28-02-2014 ਤੱਕ ਕੀਤੀ ਗਈ ਸੀ ਅਤੇ ਉਮੀਦਵਾਰਾਂ ਵੱਲੋਂ ਆਨ-ਲਾਈਨ ਭਰੇ ਗਏ ਡਾਟੇ ਦੇ ਅਧਾਰ ਤੇ ਪ੍ਰੋਵੀਜ਼ਨਲ ਮੈਰਿਟ ਬਣਾ ਕੇ ਉਮੀਦਵਾਰਾਂ ਦੇ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਮਿਤੀ 26.05.2014 ਤੋਂ 03.06.2014 ਤੱਕ ਸ.ਸ.ਸ.ਸ, 3ਬੀ-1, ਅਜੀਤਗੜ੍ਹ ਵਿਖੇ ਕੀਤੀ ਗਈ ਸੀ।ਪਰੰਤੂ ਕੁਝ ਉਮੀਦਵਾਰਾਂ ਦੀ ਪ੍ਰੋਵੀਜ਼ਨਲ ਮੈਰਿਟ ਘੱਟ ਜਾਣ ਕਾਰਨ ਹੇਠਲੀ ਮੈਰਿਟ ਵਾਲੇ ਉਮੀਦਵਾਰਾਂ ਨੂੰ ਮਿਤੀ 17.12.2014 ਤੋਂ ਮਿਤੀ 19.12.2014 ਤੱਕ ਸ.ਸ.ਸ.ਸ,3ਬੀ-1, ਅਜੀਤਗੜ੍ਹ ਵਿਖੇ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ।ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਇੰਟਰਨੈਂਟ ਰਾਹੀਂ ਡਾਊਨ ਲੋਡ ਕੀਤਾ ਰਜਿਸਟ੍ਰੇਸਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

ਨੋਟ:-

1. ਜਿਹੜੇ ਉਮੀਦਵਾਰ ਮਿਤੀ 26.05.2014 ਤੋਂ 03.06.2014 ਤੱਕ ਕੀਤੀ ਦਸਤਾਵੇਜ਼ਾਂ ਦੀ ਸਕਰੂਟਨੀ ਦੌਰਾਨ ਕਿਸੇ ਵੀ ਕਾਰਨ ਗੈਰ-ਹਾਜ਼ਰ ਰਹੇ ਸਨ, ਉਹਨਾਂ ਸਾਰੇ ਉਮੀਦਵਾਰਾਂ ਨੂੰ ਮਿਤੀ 19.12.2014 ਨੂੰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਆਖਰੀ ਮੌਕਾ ਦਿੱਤਾ ਜਾਂਦਾ ਹੈ।
2. ਜਿਹੜੇ ਉਮੀਦਵਾਰਾਂ ਨੇ ਸਪੋਰਟਸ ਕੈਟਾਗਿਰੀ ਵਿੱਚ ਅਪਲਾਈ ਕੀਤਾ ਹੈ ਅਤੇ ਉਹਨਾਂ ਪਾਸ ਸਪੋਰਟਸ ਵਿੱਚ 'ਏ' ਜਾਂ 'ਬੀ' ਗ੍ਰੇਡ ਦਾ ਸਰਟੀਫਿਕੇਟ ਹਾਸਲ ਕੀਤਾ ਹੋਇਆ ਹੈ, ਪਰੰਤੂ ਉਹਨਾਂ ਉਮੀਦਵਾਰਾਂ ਦਾ ਨਾਮ ਵਿਭਾਗ ਦੀ ਪਾਈ ਗਈ ਲਿਸਟ ਵਿੱਚ ਸ਼ਾਮਲ ਨਹੀਂ ਹੈ।ਉਹ ਉਮੀਦਵਾਰ ਵੀ ਹੇਠਾ ਦਰਸਾਏ ਗਏ ਸਡਿਊਲ ਅਨੁਸਾਰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦੇ ਹਨ।ਪਰੰਤੂ ਜਿਹੜੇ ਉਮੀਦਵਾਰਾਂ ਦੀ ਸਪੋਰਟਸ ਕੈਟਾਗਿਰੀ ਵਿੱਚ ਮਿਤੀ 26.05.2014 ਤੋਂ 03.06.2014 ਤੱਕ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਹੋ ਚੁੱਕੀ ਹੈ, ਉਹਨਾਂ ਉਮੀਦਵਾਰਾਂ ਨੂੰ ਦੁਬਾਰਾ ਆਉਣ ਦੀ ਲੋੜ ਨਹੀਂ ਹੈ।

3. ਜੇਕਰ ਕਿਸੇ ਉਮੀਦਵਾਰ ਦੀ ਮੈਰਿਟ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਮੈਰਿਟ ਤੋਂ ਵੱਧ ਹੈ, ਤਾਂ ਉਹ ਉਮੀਦਵਾਰ ਵੀ ਹੇਠ ਦਰਸਾਏ ਸਡਿਊਲ ਅਨੁਸਾਰ ਸਬੂਤ ਸਮੇਤ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦਾ ਹੈ।

| ਲੜੀ ਨੰ | ਮਿਤੀ | ਵੇਰਵੇ |
|---|---|---|
| 1. | 17-12-2014 | ਡੀ.ਪੀ.ਈ ਦੀ ਆਸਾਮੀ ਲਈ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ। |
| 2. | 18-12-2014 | 1. ਲੈਕਚਰਾਰ ਸਰੀਰਕ ਸਿੱਖਿਆ ਦੀ ਆਸਾਮੀ ਲਈ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ।<br>2. ਸਾਰੇ ਉਮੀਦਵਾਰ ਜਿਹਨਾਂ ਨੇ ਸਪੋਰਟਸ ਕੈਟਾਗਿਰੀ ਵਿੱਚ ਅਪਲਾਈ ਕੀਤਾ ਹੈ ਅਤੇ ਸਪੋਰਟਸ ਵਿੱਚ 'ਏ' ਜਾਂ 'ਬੀ' ਗ੍ਰੇਡ ਦਾ ਸਰਟੀਫਿਕੇਟ ਹਾਸਲ ਕੀਤਾ ਹੋਇਆ ਹੈ,ਪਰੰਤੂ ਜਿਹੜੇ ਉਮੀਦਵਾਰਾਂ ਦੀ ਸਪੋਰਟਸ ਕੈਟਾਗਿਰੀ ਵਿੱਚ ਮਿਤੀ 26.05.2014 ਤੋਂ 03.06.2014 ਤੱਕ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਹੋ ਚੁੱਕੀ ਹੈ, ਉਹਨਾਂ ਉਮੀਦਵਾਰਾਂ ਨੂੰ ਦੁਬਾਰਾ ਆਉਣ ਦੀ ਲੋੜ ਨਹੀਂ ਹੈ। |
| 3. | 19-12-2014 | ਮਿਤੀ 26.05.2014 ਤੋਂ 03.06.2014 ਤੱਕ ਕੀਤੀ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਦੌਰਾਨ ਸਾਰੇ ਗੈਰ-ਹਾਜ਼ਰ ਉਮੀਦਵਾਰ। |

1. ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋ ਬਾਅਦ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. ਜੇ ਕਿਸੇ ਉਮੀਦਵਾਰ ਦੀ ਇੱਕ ਤੋਂ ਵੱਧ ਵਿਸਿਆਂ ਵਿੱਚ ਚੋਣ ਹੁੰਦੀ ਹੈ ਅਤੇ ਇਕ ਤੋਂ ਵੱਧ ਵਿਸ਼ਿਆ ਦੀ ਮੈਰਿਟ ਵਿੱਚ ਆਉਂਦਾ/ ਆਉਂਦੀ ਹੈ ਤਾਂ ਉਸ ਉਮੀਦਵਾਰ ਨੂੰ 15 ਦਿਨਾਂ ਦੇ ਦਿਨਾਂ ਵਿੱਚ ਕਿਸੇ ਇੱਕ ਵਿਸੇ ਵਿੱਚ ਆਪਸਨ ਸਿੱਖਿਆ ਭਰਤੀ ਬੋਰਡ ਦੇ ਦਫਤਰ ਵਿਖੇ ਦੇਣੀ ਪਵੇਗੀ ਅਤੇ ਖਾਲੀ ਰਹਿ ਗਈਆਂ ਆਸਾਮੀਆਂ ਤੇ ਮੈਰਿਟ ਅਨੁਸਾਰ ਅਗੇ ਚੋਣ ਕਰ ਲਈ ਜਾਵੇਗੀ।

6. **www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
7. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ / ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।
8. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।
9. ਸਾਰੇ ਅਸਲ ਦਸਤਾਵੇਜ ਵੀ ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਫਾਈਲ ਵਿੱਚ ਲਗਾਏ ਜਾਣ।

5/12/14

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।